# Phone call between Prime Minister ShriNarendraModi and H.E. (Dr.) Alexander Van der Bellen, Federal President of the Republic of Austria

May 26, 2020

## ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਆਸਟ੍ਰੀਆਈ ਗਣਰਾਜ ਦੇ ਸੰਘੀ ਰਾਸ਼ਟਰਪਤੀ ਮਹਾਮਹਿਮ (ਡਾ.) ਅਲੈਗਜ਼ੈਂਡਰ ਵੈਨ ਡੇਰ ਬੈਲੇਨ ਵਿਚਾਲੇ ਫੋਨ 'ਤੇ ਹੋਈ ਗੱਲਬਾਤ

26 ਮਈ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਆਸਟ੍ਰੀਆਈ ਗਣਰਾਜ ਦੇ ਸੰਘੀ ਰਾਸ਼ਟਰਪਤੀ ਮਹਾਮਹਿਮ (ਡਾ.) ਅਲੈਗਜ਼ੈਂਡਰ ਵੈਨ ਡੇਰ ਬੈਲੇਨ ਨਾਲ ਫੋਨ 'ਤੇ ਗੱਲਬਾਤ ਕੀਤੀ।

ਆਸਟ੍ਰੀਆ ਦੇ ਰਾਸ਼ਟਰਪਤੀ ਨੇ ਭਾਰਤ ਅੰਦਰ ਚੱਕਰਵਾਤੀ ਤੂਫ਼ਾਨ ਅਮਫਾਨ ਕਾਰਨ ਹੋਏ ਨੁਕਸਾਨ 'ਤੇ ਸੋਗ ਜਤਾਇਆ। ਦੋਨਾਂ ਆਗੂਆਂ ਨੇ COVID -19 ਮਹਾਂਮਾਰੀ ਦੇ ਮਾੜੇ ਸਿਹਤ ਸੰਬੰਧੀ ਅਤੇ ਆਰਥਿਕ ਪ੍ਰਭਾਵਾਂ ਨਾਲ ਨਜਿੱਠਣ ਲਈ ਆਪੋ ਆਪਣੇ ਦੇਸ਼ਾਂ ਵਿੱਚ ਚੁੱਕੇ ਜਾ ਰਹੇ ਕਦਮਾਂ ਬਾਰੇ ਵਿਚਾਰ ਵਟਾਂਦਰੇ ਕੀਤੇ। ਉਨ੍ਹਾਂ ਨੇ ਮੌਜੂਦਾ ਚੁਣੌਤੀਆਂ ਨਾਲ ਨਜਿੱਠਣ ਲਈ ਕੌਮਾਂਤਰੀ ਭਾਈਵਾਲੀ ਦੀ ਮਹੱਤਤਾ 'ਤੇ ਸਹਿਮਤੀ ਪ੍ਰਗਟਾਈ।

ਦੋਨਾਂ ਆਗੂਆਂ ਨੇ COVID ਤੋਂ ਬਾਅਦ ਦੀ ਦੁਨੀਆ ਵਿਚ ਭਾਰਤ- ਆਸਟ੍ਰੀਆ ਸਬੰਧਾਂ ਨੂੰ ਹੋਰ ਮਜ਼ਬੂਤ ਅਤੇ ਵੰਨ ਸੁਵੰਨਾ ਕਰਨ ਦੀ ਆਪਣੀ ਸਾਂਝੀ ਇੱਛਾ ਨੂੰ ਦੁਹਰਾਇਆ। ਪ੍ਰਧਾਨ ਮੰਤਰੀ ਨੇ ਬੁਨਿਆਦੀ ਢਾਂਚਾ, ਟੈਕਨੋਲੋਜੀ, ਖੋਜ ਅਤੇ ਨਵੀਨਤਾ, SMEs ਆਦਿ ਖੇਤਰਾਂ ਵਿਚ ਸਹਿਯੋਗ ਵਧਾਉਣ ਦੇ ਮੌਕਿਆਂ ਬਾਰੇ ਚਾਨਣਾ ਪਾਇਆ।

ਦੋਨਾਂ ਆਗੂਆਂ ਨੇ ਸਾਂਝੀ ਆਸ ਪ੍ਰਗਟਾਈ ਕਿ ਦੁਨੀਆਂ ਛੇਤੀ ਹੀ ਮੌਜੂਦਾ ਸਿਹਤ ਸੰਕਟ ‘ਤੇ ਕਾਬੂ ਪਾ ਲਏਗੀ, ਤਾਂ ਜੋ ਵਾਤਾਵਰਣ ਦੀ ਸਿਹਤ ਵਰਗੇ ਲੰਮੇ ਸਮੇਂ ਦੇ ਮੁੱਦਿਆਂ ‘ਤੇ ਧਿਆਨ ਦਿੱਤਾ ਜਾ ਸਕੇ।

ਨਵੀਂ ਦਿੱਲੀ
26 ਮਈ, 2020

DISCLAIMER: This is an approximate translation. The original is available in English on MEA’s website and may be referred to as the official press release.